ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

ਸੱਚੀ ਲਗਨ ਤੇ ਦ੍ਰਿੜ ਨਿਸ਼ਚੈ ਨਾਲ ਪੂਰਾ ਕੀਤਾ ਜਾ ਸਕਦਾ ਹੈ ਹਰ ਟੀਚਾ-ਡਿਪਟੀ ਕਮਿਸ਼ਨਰ

ਘਰ-ਘਰ ਨੌਕਰੀ ਦੇਣ ਦਾ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ-ਘੁਬਾਇਆ

ਡੀ.ਸੀ. ਤੇ ਹਲਕਾ ਵਿਧਾਇਕ ਨੇ ਯੋਗ ਉਮੀਦਵਾਰਾਂ ਨੂੰ ਮੌਕੇ 'ਤੇ ਦਿੱਤੇ ਨਿਯੁਕਤੀ ਪੱਤਰ

ਕੁੱਲ 2064 ਉਮੀਦਵਾਰਾਂ ਨੇ ਰੁਜ਼ਗਾਰ ਮੇਲੇ ਦੌਰਾਨ ਕੀਤੀ ਸ਼ਿਰਕਤ

ਫਾਜ਼ਿਲਕਾ 04 ਸਤੰਬਰ

ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਵਿੱਚ ਕੋਈ ਇੱਕ ਟੀਚਾ ਮਿਥਣਾ ਚਾਹੀਦਾ ਹੈ। ਦ੍ਰਿੜ ਨਿਸ਼ਚੈ ਤੇ ਸਚੀ ਲਗਨ ਨਾਲ ਮਿੱਥੇ ਗਏ ਟੀਚੇ ਨੂੰ ਪੂਰਾ ਕੀਤਾ ਜਾ ਸਕਦਾ ਹੈ। ਜੇਕਰ ਆਪਣੇ ਆਪ 'ਤੇ ਭਰੋਸਾ ਤੇ ਦ੍ਰਿੜ ਵਿਸ਼ਵਾਸ ਹੋਵੇ ਤਾਂ ਕਿਸੇ ਵੀ ਮੁਸ਼ਕਲ ਨੂੰ ਪਾਰ ਕਰਕੇ ਆਪਣੀ ਮੰਜ਼ਲ ਪਾਈ ਜਾ ਸਕਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਸੂਬਾ ਸਰਕਾਰ ਵੱਲੋਂ ਘਰ-ਘਰ ਨੌਕਰੀ ਦੇਣ ਲਈ ਵਿੱਢੀ ਗਈ ਮੁਹਿੰਮ ਤਹਿਤ ਸਕੱਤਰ ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਦੇ ਦਿਸ਼ਾ-ਨਿਰਦੇਸ਼ਾ ਹੇਠ ਲਗਾਏ ਗਏ ਜ਼ਿਲ੍ਹਾ ਪੱਧਰੀ ਰੁਜ਼ਗਾਰ ਮੇਲਾ ਦੌਰਾਨ ਕੀਤਾ। ਸਿਟੀ ਗਾਰਡਨ ਪੈਲੇਸ ਵਿਖੇ ਲਗਾਏ ਗਏ ਜ਼ਿਲ੍ਹਾ ਪੱਧਰੀ ਰੁਜ਼ਗਾਰ ਮੇਲੇ ਮੌਕੇ ਵਿਸ਼ੇਸ਼ ਮਹਿਮਾਨ ਵੱਜੋਂ ਪੁੱਜੇ ਹਲਕਾ ਵਿਧਾਇਕ ਸ. ਦਵਿੰਦਰ ਸਿੰਘ ਘੁਬਾਇਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਜੋ ਘਰ-ਘਰ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ ਉਹ ਰੁਜ਼ਗਾਰ ਮੇਲਿਆਂ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਤਕਨੀਕੀ ਸਿੱਖਿਆ ਹਾਸਲ ਕਰਕੇ ਵੱਧ ਤੋਂ ਵੱਧ ਆਪਣੇ ਪੈਰਾਂ ਸਿਰ ਖੜ੍ਹੇ ਹੋਣ। ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਚੁਣੇ ਗਏ ਸਿਖਿਆਰਥੀਆਂ ਨੂੰ ਡਿਪਟੀ ਕਮਿਸ਼ਨਰ ਤੇ ਹਲਕਾ ਵਿਧਾਇਕ ਵੱਲੋਂ ਨਿਯੁਕਤੀ ਪੱਤਰ ਵੀ ਪ੍ਰਦਾਨ ਕੀਤੇ ਗਏ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਚੁਣੇ ਗਏ ਸਿਖਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਮਦਦ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਨਾਲ ਕਦੇ ਵੀ ਸੰਪਰਕ ਕਰ ਸਕਦਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਰੁਜ਼ਗਾਰ ਮੇਲੇ ਦੌਰਾਨ ਬੈਕਿੰਗ ਸੈਕਟਰ, ਆਈ.ਟੀ. ਸੈਕਟਰ, ਜਨਰਲ ਡਿਊਟੀ ਨਰਸਿੰਗ ਖੇਤਰ ਅਤੇ ਸਟੀਚਿੰਗ ਖੇਤਰ ਨਾਲ ਸਬੰਧਤ ਮਹਾਂਵੀਰ ਵਰਧਮਾਨ ਟੈਕਸਟਾਈਲ ਕੰਪਨੀ ਬਦੀ (ਹਿਮਾਚਲ), ਨਾਹਰ ਸਪੀਨਿੰਗ ਮਿਲ ਲਿਮਟਿਡ (ਲਾਲੜੂ), ਬੈਕਿੰਗ ਸੈਕਟਰ ਨਾਲ ਸਬੰਧਤ ਐਚ.ਡੀ.ਐਫ.ਸੀ.,

ਐਕਸਿਜ਼, ਐਸ.ਬੀ.ਆਈ, ਗਲੋ ਐਵਰ, ਕੰਪੀਟੈਂਟ ਆਈ.ਟੀ. ਕੰਪਨੀ., ਪੋਰਸੀਆ ਹੈਲਥ ਕੇਅਰ ਚੰਡੀਗੜ੍ਹ, ਡਾ.ਆਈ.ਟੀ. ਕੰਪਨੀ ਵੱਲੋਂ ਸ਼ਮੂਲੀਅਕਤ ਕਰਕੇ ਹੋਣਹਾਰ ਸਿਖਿਆਰਥੀਆਂ ਦੀ ਇੰਟਰਵਿਊ ਲੈ ਕੇ ਚੋਣ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੇਲੇ ਦੌਰਾਨ ਵੱਖ-ਵੱਖ ਖੇਤਰਾਂ ਨਾਲ ਸਬੰਧਤ ਲਗਭਗ 2064 ਸਿਖਿਆਰਥੀਆਂ ਵੱਲੋਂ ਨੌਕਰੀ ਲਈ ਅਪਲਾਈ ਕੀਤਾ ਗਿਆ, ਜਿਸ ਵਿੱਚ ਬੈਕਿੰਗ ਸੈਕਟਰ ਨਾਲ ਸਬੰਧਤ 600, ਆਈ.ਟੀ. ਸੈਕਟਰ ਨਾਲ ਸਬੰਧਤ 638, ਜਨਰਲ ਡਿਊਟੀ ਨਰਸਿੰਗ ਖੇਤਰ ਲਈ 637 ਅਤੇ ਸਟੀਚਿੰਗ ਸੈਕਟਰ ਨਾਲ ਸਬੰਧਤ 189 ਉਮੀਦਵਾਰ ਸ਼ਾਮਲ ਸਨ। ਜਿੰਨ੍ਹਾਂ ਵਿੱਚੋਂ ਲਗਭਗ 1735 ਸਿਖਿਆਰਥੀਆਂ ਨੂੰ ਇੰਟਰਵਿਊ ਲਈ ਯੋਗ ਪਾਇਆ ਗਿਆ। ਇਨ੍ਹਾਂ 1735 ਹੋਣਹਾਰ ਸਿੱਖਿਆਰਥੀਆਂ ਵਿੱਚੋਂ 1248 ਸਿਖਿਆਰਥੀਆਂ ਨੂੰ ਵੱਖ-ਵੱਖ ਸੈਕਟਰ ਨਾਲ ਸਬੰਧਤ ਕੰਪਨੀਆਂ ਦੇ ਨੁਮਾਇੰਦਿਆਂ ਵੱਲੋਂ ਇੰਟਰਵਿਊ ਲੈਣ ਉਪਰੰਤ ਮੌਕੇ 'ਤੇ ਹੀ ਨਿਯੁਕਤੀ ਪੱਤਰ ਦਿੱਤੇ ਗਏ।

ਇਸ ਜ਼ਿਲ੍ਹਾ ਪੱਧਰੀ ਰੁਜ਼ਗਾਰ ਮੇਲੇ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਸਹਾਇਕ ਕਮਿਸ਼ਨਰ(ਅੰਡਰ ਟ੍ਰੇਨਿੰਗ) ਸ੍ਰੀ ਰਣਦੀਪ ਸਿੰਘ ਹੀਰ, ਜ਼ਿਲ੍ਹਾ ਰੋਜ਼ਗਾਰ ਤੇ ਜਨਰੇਸ਼ਨ ਅਫਸਰ ਸ੍ਰੀ ਅਰੁਨ ਕੁਮਾਰ, ਨੋਡਲ ਅਫਸਰ ਸਕਿਲ ਡਿਵੈਲਪਮੈਂਟ ਸ. ਪੰਮੀ ਸਿੰਘ, ਨਿਟਕੋਣ ਜ਼ਿਲ੍ਹਾ ਕੁਆਡੀਨੇਟਰ ਸ੍ਰੀਮਤੀ ਕਵਿਤਾ ਤੇ ਸ੍ਰੀਮਤੀ ਸੀਮਾ, ਐਂਟਸ ਨੋਡਲ ਏਜੰਸੀ ਦੇ ਜ਼ਿਲਾ ਮੈਨੇਜਰ . ਮਿਸਟਰ ਸਾਜਨ, ਡੀ.ਪੀ.ਐਮ.ਯੂ. ਨੋਡਲ ਏਜੰਸੀ ਵੱਲੋਂ ਸ੍ਰੀ ਦੇਵ ਸ੍ਰੀਵਾਸਤਵ ਤੇ ਸ. ਰਵਿੰਦਰ ਸਿੰਘ, ਸ੍ਰੀ ਵਰੁਣ ਸੋਢੀ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।